www.prepp.in

Prepp
Your Personal Exams Guide

Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# SAS-24-I

## प्रश्न-पत्र-I / PAPER-I
## पंजाबी भाषा परिशिष्ट
## Punjabi Language Supplement
## भाग-IV & V / PART-IV & V

मुख्य परीक्षा पुस्तिका संख्या / Main Test Booklet No.

मुख्य परीक्षा पुस्तिका कोड / Main Test Booklet Code
**K**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **K**। यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/ marking responses in the Answer Sheet.
5. The CODE for this Language Booklet is **K**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :

अनुक्रमांक : (अंकों में) / Roll Number : in figures ____________________
: शब्दों में / in words ____________________

परीक्षा केन्द्र (बड़े अक्षरों में) : ____________________
Centre of Examination (in Capitals) :

परीक्षार्थी के हस्ताक्षर : ____________________ निरीक्षक के हस्ताक्षर : ____________________
Candidate's Signature : Invigilator's Signature :

Facsimile Signature Stamp of
Centre Superintendent : ____________________

Prepp
Your Personal Exams Guide

Language Code : **15**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

# SAS-24-I

ਪੇਪਰ-I

ਪੰਜਾਬੀ ਭਾਸ਼ਾ ਪੂਰਕ

ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**K**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀ ਅਲਗ ਤੋਂ ਮੰਗ ਸਕਦੇ ਹੋਂ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਓੱਤਰ-ਪੱਤਰ ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸੇਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **K**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:
   ਭਾਗ IV : ਭਾਸ਼ਾ I – (ਪੰਜਾਬੀ) (ਪ੍ਰ. 91 ਤੋਂ ਪ੍ਰ. 120)
   ਭਾਗ V : ਭਾਸ਼ਾ II – (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆਂ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ____________________

ਰੋਲ ਨੰਬਰ : ਅੰਕਾ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ): ____________________

ਪਰੀਖਿਆਰਥੀ ਦੇ ਦਸਖ਼ਤ : ____________ ਨਿਰੀਖਿਅਕ ਦੇ ਦਸਖ਼ਤ : ____________

Facsimile signature stamp of

Centre Superintendent : ____________________

Prepp
Your Personal Exams Guide

ਉਮੀਦਵਾਰ **ਭਾਗ–IV** ਦੇ ਪ੍ਰਸ਼ਨ (**ਪ੍ਰ.ਨੰ.** 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI Language-I** only.

Prepp
Your Personal Exams Guide

## PART-IV

## LANGUAGE-I

## PUNJABI

| ਉਮੀਦਵਾਰ **ਭਾਗ-IV** ਦੇ ਪ੍ਰਸ਼ਨ (**ਪ੍ਰ.ਨੰ. 91-120**) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ। |
|---|

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹਕੇ ਉਸ ਹੇਠਾ ਦਿਤੇ ਪ੍ਰਸ਼ਨਾਂ (91-99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਤਿਉਹਾਰਾਂ ਉੱਤੇ ਕੀਤੀ ਜਾਣ ਵਾਲੀ ਪੂਜਾ ਪ੍ਰਤਿਸ਼ਠਾਂ ਭਾਵੇਂ ਧਾਰਮਿਕ ਰੰਗਤ ਵਾਲੀ ਹੁੰਦੀ ਹੈ ਪਰੰਤੂ ਤਿਉਹਾਰਾਂ ਨਾਲ ਜੁੜੀ ਪੂਜਾ ਸਮੱਗਰੀ ਜਾਂ ਕਰਮਕਾਂਡ ਮੂਲ ਰੂਪ ਵਿੱਚ ਭੌਤਿਕ ਜਗਤ ਦੇ ਜੀਵਨ ਨਾਲ ਹੀ ਜੁੜੇ ਹੁੰਦੇ ਹਨ। ਜੇ ਦੀਵਾਲੀ ਦੇ ਸੰਬੰਧ ਵਿੱਚ ਹੀ ਦੇਖੀਏ ਤਾਂ ਦੀਪਮਾਲਾ ਤੇ ਆਤਿਸ਼ਬਾਜੀ ਤਾਂ ਰਾਮਚੰਦਰ ਜੀ ਦੇ ਸੁਆਗਤ ਨਾਲ ਜੁੜੇ ਪੱਖ ਹੋ ਸਕਦੇ ਹਨ। ਪਰ ਸਫ਼ਾਈ ਦੀਵਾਲੀ ਨੂੰ ਹੀ ਕਿਉ? ਦਸਹਿਰੇ, ਲੋਹੜੀ ਜਾਂ ਵਿਸਾਖੀ ਵੇਲੇ ਕਿਉ ਨਹੀਂ ? ਇਸ ਦਾ ਅਰਥ ਹੈ ਕਿ ਦੀਵਾਲੀ ਅਕਤੂਬਰ ਮਹੀਨੇ ਵਿੱਚ ਆਉਂਦੀ ਹੈ। ਸਤੰਬਰ ਤੱਕ ਬਰਸਾਤ ਦਾ ਮੌਸਮ ਲੰਘ ਚੁੱਕਿਆ ਹੁੰਦਾ ਹੈ। ਬਰਸਾਤ ਨਾਲ ਬੂਹੇ ਬਾਰੀਆਂ ਖ਼ਰਾਬ ਹੋ ਜਾਂਦੇ ਹਨ। ਜਿਹੜੇ ਨਵੇਂ ਸਿਰੇ ਤੋਂ ਸਫ਼ਾਈ ਦੀ ਮੰਗ ਕਰਦੇ ਹਨ। ਸਰ੍ਹੋਂ ਦਾ ਤੇਲ ਹਿਰਮਚੀ ਜਾਂ ਰੰਗ ਰੋਗਨ ਨਾਲ ਲੱਕੜੀ ਦੇ ਦਰਵਾਜੇ ਬਾਰੀਆਂ ਦੀ ਮਿਆਦ ਵੱਧ ਜਾਂਦੀ ਹੈ। ਛੱਤਾਂ ਕੱਚੀਆਂ ਹੋਣ ਕਾਰਨ ਬਾਰਸ਼ਾਂ ਪਿੱਛੋਂ ਲਿਪਾਈ ਦੀ ਲੋੜ ਮਹਿਸੂਸ ਕਰਦੀਆਂ ਹਨ । ਅਕਤੂਬਰ ਵਿੱਚ ਠੰਢ ਉਤਰ ਆਉਂਦੀ ਹੈ । ਸਰਦੀਆਂ ਵਿੱਚ ਛੱਤ ਦੇ ਥੱਲੇ ਸੌਣ ਦੀ ਲੋੜ ਹੁੰਦੀ ਹੈ। ਕੱਚੀਆਂ ਕੰਧਾਂ ਤੇ ਘਰ ਦੇ ਅੰਦਰ ਪਏ ਖਿਲਾਰੇ ਵਿੱਚ ਕੋਈ ਵੀ ਜ਼ਹਿਰੀਲਾ ਕੀੜਾ ਕਾਢਾ ਹੋ ਸਕਦਾ ਹੈ, ਜਿਹੜਾ ਭਾਰੀ ਨੁਕਸਾਨ ਕਰ ਸਕਦਾ ਹੈ। ਇਸ ਲਈ ਸਫ਼ਾਈ ਜ਼ਰੂਰੀ ਹੋ ਜਾਂਦੀ ਹੈ। ਸੋ ਪੁਰਖਿਆਂ ਨੇ ਬਹੁਤ ਹੀ ਸਿਆਣਪ ਨਾਲ ਸ਼੍ਰੋਮਣੀ ਤਿਉਹਾਰ ਦਾ ਸੁਆਗਤ ਵੀ ਕਰ ਦਿੱਤਾ ਤੇ ਨਾਲ ਹੀ ਭੌਤਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਵੀ ਕਰ ਦਿੱਤੀ।

ਦੀਵਾਲੀ ਵਾਲੀ ਰਾਤ ਨੂੰ ਜੰਤਰ-ਮੰਤਰ, ਹਵਨ-ਜਾਪ ਕਰਵਾਉਣਾ ਤੇ ਜੂਆ ਆਦਿ ਖੇਡਣ ਦੀ ਰਵਾਇਤ ਲੱਛਮੀ ਪ੍ਰਾਪਤ ਕਰਨ ਦੇ ਹੋਰ ਢੰਗ ਤਰੀਕੇ ਹੋ ਸਕਦੇ ਹਨ । ਇਸ ਦਿਨ ਨਵੇਂ ਬਰਤਨ ਖ਼ਰੀਦਣੇ, ਆਤਿਸ਼ਬਾਜੀ, ਮੋਮਬੱਤੀਆਂ, ਮਿਠਾਈ ਆਦਿ ਖ਼ਰੀਦਨ ਨਾਲ ਪੈਸੇ ਦਾ ਆਦਾਨ-ਪ੍ਰਦਾਨ ਬਣਿਆ ਰਹਿੰਦਾ ਹੈ । ਬਹੁਤ ਸਾਰੇ ਦੁਕਾਨਦਾਰ ਤਾਂ ਸਾਲ ਭਰ ਦੀ ਕਮਾਈ ਇਸ ਇੱਕੋ ਤਿਉਹਾਰ ਵਿੱਚੋਂ ਕਰ ਲੈਂਦੇ ਹਨ । ਉਂਞ ਵੀ ਸਫ਼ਾਈ ਰੱਖਣਾ ਉੱਦਮ ਦੀ ਨਿਸ਼ਾਨੀ ਹੈ ਤੇ ਲੋਕ ਨਿਸ਼ਚਾ ਇਸ ਗੱਲ ਵਿੱਚ ਵਿਸ਼ਵਾਸ ਰੱਖਦਾ ਹੈ ਕਿ ਉੱਦਮ ਅੱਗੇ ਲੱਛਮੀ ਇਉਂ ਚੱਲਦੀ ਹੈ ਜਿਵੇਂ ਪੱਖੇ ਅੱਗੇ ਪੌਣ ਚੱਲਦੀ ਹੈ। ਸੱਚਮੁੱਚ ਦੀਵਾਲੀ ਤਿਉਹਾਰਾਂ ਵਿੱਚ ਸ਼੍ਰੋਮਣੀ ਦਰਜਾ ਰੱਖਣ ਵਾਲਾ ਤਿਉਹਾਰ ਹੈ। ਇਸ ਦਿਨ ਖਾਣ-ਪੀਣ, ਮੌਜ ਮਸਤੀ, ਰੰਗ ਰਲੀਆਂ ਸਭ ਕੁਝ ਪ੍ਰਾਪਤ ਹੁੰਦਾ ਹੈ।

**91.** ਸਿਰਫ਼ ਦੀਵਾਲੀ ਨੂੰ ਘਰ ਦੀ ਸਫ਼ਾਈ ਕਰਨ ਦਾ ਕੀ ਕਾਰਨ ਹੈ ?
(1) ਆਤਿਸ਼ਬਾਜ਼ੀ ਨਾਲ ਹੋਈ ਖ਼ਰਾਬੀ
(2) ਵਰਖਾ ਨਾਲ ਹੋਈ ਖ਼ਰਾਬੀ
(3) ਦੀਵੇਂ ਰੱਖਣ ਲਈ
(4) ਮਠਿਆਈ ਰੱਖਣ ਲਈ

**92.** 'ਨੁਕਸਾਨ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ :
(1) ਖ਼ਸਾਰਾ (2) ਨਫ਼ਾ (3) ਹਾਨੀ (4) ਘਾਟਾ

**93.** ਹੇਠ ਲਿਖਿਆਂ ਵਿੱਚੋਂ ਕਿਹੜਾ ਦੀਵਾਲੀ ਨਾਲ ਸੰਬੰਧਤ ਨਹੀਂ ਹੈ ?
(1) ਘਰ ਦੀ ਸਫ਼ਾਈ (2) ਜੂਆ ਖੇਡਣਾ (3) ਹਾੜੀ ਦੀ ਵਾਢੀ (4) ਆਤਿਸ਼ਬਾਜ਼ੀ

**94.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :
(1) ਸਰਦੀ (2) ਜ਼ਹਿਰੀਲਾ ਕੀੜਾ (3) ਬਰਸਾਤ (4) ਦੀਵਾਲੀ

**95.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਕਿਹੜਾ ਹੈ ?
(1) ਖ਼ਰੀਦਣ-ਨਾਲ (2) ਸਾਲ-ਭਰ (3) ਆਦਾਨ-ਪ੍ਰਦਾਨ (4) ਲੱਛਮੀ-ਪ੍ਰਾਪਤ

**96.** ਤਿਉਹਾਰਾਂ ਵਿੱਚੋਂ ਸ਼ਰੋਮਨੀ ਤਿਉਹਾਰ ਦਾ ਦਰਜ਼ਾ ਕਿਸ ਨੂੰ ਪ੍ਰਾਪਤ ਹੈ ?
(1) ਦੀਵਾਲੀ ਨੂੰ (2) ਹੋਲੀ (3) ਦੁਸਹਿਰੇ ਨੂੰ (4) ਵਿਸਾਖੀ ਨੂੰ

**97.** 'ਵਰਖਾ' ਦਾ ਮੌਸਮ ਕਦੋਂ ਤੱਕ ਖ਼ਤਮ ਹੋ ਜਾਂਦਾ ਹੈ ?
(1) ਸਤੰਬਰ (2) ਜੂਨ (3) ਜੁਲਾਈ (4) ਅਪ੍ਰੈਲ

**98.** ਪੈਰੇ ਅਨੁਸਾਰ ਸਰਦੀ ਦੀ ਰੁੱਤ ਕਦੋਂ ਸ਼ੁਰੂ ਹੁੰਦੀ ਹੈ?
(1) ਸਤੰਬਰ (2) ਮਾਰਚ (3) ਜੁਲਾਈ (4) ਅਕਤੂਬਰ

Prepp
Your Personal Exams Guide

**99.** ਸਾਫ-ਸਫ਼ਾਈ, ਦੀਪਮਾਲ ਆਦਿ ਨਾਲ ਕਿਸ ਦਾ ਮਾਣ ਵਧਾਇਆ ਗਿਆ ਹੈ ?

(1) ਸਰਦੀ ਦੀ ਰੁੱਤ ਦਾ
(2) ਸਰ੍ਹੋ ਦੇ ਤੇਲ ਦਾ
(3) ਬਰਸਾਤ ਦਾ
(4) ਦੀਵਾਲੀ ਦੇ ਤਿਉਹਾਰ ਦਾ

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (100-105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਹੱਥੀ ਢਿਲਕ ਪਈ ਮੇਰੇ ਚਰਖੇ ਦੀ,
ਮੈਥੋਂ ਕੱਤਿਆਂ ਮੂਲ ਨਾ ਜਾਵੇ।
ਤਕਲੇ ਨੂੰ ਵਲ ਪੈ ਪੈ ਜਾਂਦੇ,
ਕੌਣ ਲੁਹਾਰ ਸਦਾਵੇ।
ਤਕਲੇ ਤੋਂ ਵਲ ਲਾਹ ਲੁਹਾਰਾ,
ਮੈਂਡੀ ਤੰਦੀ ਟੁਟ ਟੁਟ ਜਾਵੇ।
ਘੜੀ ਘੜੀ ਏਹ ਝੋਲੇ ਖਾਂਦਾ,
ਛੱਲੀ ਹਿੱਕ ਨਾ ਲਾਹਵੇ।
ਫ਼ੀਤਾ ਨਹੀਂ ਜੋ ਬੀੜੀ ਬੰਨ੍ਹਾਂ,
ਬਾਇੜ ਹੱਥ ਨਾ ਆਵੇ।
ਚਮੜਿਆਂ ਨੂੰ ਚੋਪੜ ਨਾਹੀ,
ਮੇਰੀ ਮਾਹਲ ਪਈ ਬਰੜਾਵੇ।
ਤੀਲੀ ਨਹੀਂ ਜੋ ਪੂਣੀ ਵੱਟਾ,
ਪਿਛੋਂ ਵੱਛਾ ਗੋਹੜੇ ਖਾਵੇ ।
ਤਿੰਜਣ ਕੱਤਣ ਸੱਦਣ ਸਈਆ
ਬਿਰਹੋਂ ਢੋਲ ਬਜਾਵੇ।
ਦਿਨ ਚੜ੍ਹਿਆ ਕਦ ਗੁਜਰੇ,
ਮੈਨੂੰ ਪਿਆਰਾ ਮੁਖ ਦਿਖਲਾਵੇ।
ਮਾਹੀ ਛਿੜ ਗਿਆਂ ਨਾਲ ਮੱਝੀਂ ਦੇ,
ਹੁਣ ਕੱਤਣ ਕਿਸਨੂੰ ਭਾਵੇ।
ਜਿਤ ਵਲ ਯਾਰ ਉਤੇ ਵਲ ਅੱਖੀਆਂ,
ਮੇਰਾ ਰੂਹ ਉਤੇ ਵਲ ਧਾਵੇ।
ਅਰਜ਼ ਏਹੋ ਮੈਨੂੰ ਆਣ ਮਿਲੇ ਹੁਣ,
ਕੌਣ ਵਸੀਲਾ ਜਾਵੇ।
ਸੈ ਮਣਾਂ ਦਾ ਕੱਤ ਲਿਆਂ ਬੁਲ੍ਹਿਆ,
ਜੇ ਸ਼ਹੁ ਮੈਨੂੰ ਗਲ ਲਾਵੇ।

**100.** ਉਪਰੋਕਤ ਕਾਵਿ-ਟੁੱਕੜੀ ਦਾ ਸਿਰਲੇਖ ਚੁਣੋ :

(1) ਮੈਥੋਂ ਕੱਤਿਆ ਮੂਲ ਨਾ ਜਾਵੇ
(2) ਹੱਥੀ ਢਿਲਕ ਪਈ
(3) ਤਕਲੇ ਤੋਂ ਵੱਲ ਲਾਹ ਲੁਹਾਰਾ
(4) ਚਮੜਿਆਂ ਨੂੰ ਚੋਪੜ ਨਾਹੀਂ

**101.** ਕਵਿਤਾ ਦੇ ਅਖ਼ੀਰ ਵਿੱਚ ਕਵੀ ਕਿਹੜਾ ਰਵੱਈਆ ਅਪਣਾਉਂਦਾ ਹੈ ?

(1) ਹੰਕਾਰ ਵਾਲਾ
(2) ਖ਼ਤਰਨਾਕ
(3) ਹੁਕਮ ਵਾਲਾ
(4) ਬੇਨਤੀ ਵਾਲਾ

**102.** ਉਪਰੋਕਤ ਕਾਵਿ-ਟੁੱਕੜੀ ਵਿੱਚੋਂ 'ਮੈਂਡੀ' ਦਾ ਕੀ ਅਰਥ ਹੈ ?

(1) ਮੇਰੀ
(2) ਗਲੋਟਾ
(3) ਤੇਰੀ
(4) ਛੱਲੀ

**103.** ਕਵੀ ਨੂੰ ਕਿਸ ਦੀ ਉਡੀਕ ਹੈ ?

(1) ਮੱਝੀਂ ਦੀ
(2) ਫ਼ੀਤੇ ਦੀ
(3) ਆਪਣੇ ਪਿਆਰੇ ਦੀ
(4) ਚਰਖੇ ਦੀ

Prepp
Your Personal Exams Guide

**104.** 'ਤੰਦੀ' ਤੋਂ ਕੀ ਭਾਵ ਹੈ ?

(1) ਚਮੜੇ ਦਾ ਟੁੱਕੜਾ
(2) ਲੰਮੀ ਸਲਾਈ
(3) ਤਕਲਾ
(4) ਰੂੰ ਦੀ ਉਹ ਤਾਰ ਜੋ ਪੂਣੀ ਵਿੱਚੋਂ ਨਿਕਲਦੀ ਹੈ

**105.** ਇਸ ਕਵਿਤਾ ਵਿੱਚ ਕਿਸ ਨਾਲ ਸੰਬੰਧਤ ਬਿੰਬਾਵਲੀ ਲਈ ਗਈ ਹੈ ?

(1) ਡੰਗਰ (2) ਚਰਖਾ (3) ਹੱਲ (4) ਵਿਹੜਾ

**106.** ਹੇਠ ਲਿਖਿਆਂ ਵਿੱਚੋਂ ਕਿਹੜਾ ਪ੍ਰਾਇਮਰੀ ਪੱਧਰ ਉਤੇ ਲਾਇਬਰੇਰੀ ਦੀ ਵਰਤੋਂ ਬਾਰੇ ਸਹੀ ਨਹੀਂ ਹੈ ?
ਲਾਇਬਰੇਰੀ ਨੂੰ ਸਹਿਜ ਕਿਤਾਬਾਂ ਦੇ ਇੱਕ ਭੰਡਾਰ ਦੀ ਥਾਂ ਹੀ ਨਹੀਂ ਸਮਝਣਾ ਚਾਹੀਦਾ, ਦਰਅਸਲ

(1) ਅਧਿਆਪਕ ਤੇ ਹੋਰ ਬਾਲਗ ਵੀ ਲਾਇਬਰੇਰੀਆਂ ਵਿੱਚ ਪੜ੍ਹਤ ਦੇ ਵਿਵਹਾਰ ਦੇ ਮਾਡਲ ਹੋ ਸਕਦੇ ਹਨ ।
(2) ਲਾਇਬਰੇਰੀ ਵਿੱਚ ਪਾਠ-ਪੁਸਤਕ ਨੂੰ ਉੱਚੀ ਪੜ੍ਹਿਆ ਜਾ ਸਕਦਾ ਹੈ।
(3) ਸਿਖਿਆਰਥੀਆਂ ਦੀ ਬਾਲ-ਸਾਹਿਤ ਦੇ ਰੂਪਾਂ ਦੀ ਵੰਨਸੁਵੰਨਤਾ ਤੱਕ ਪਹੁੰਚ ਹੋ ਸਕਦੀ ਹੈ ।
(4) ਕਿਤਾਬਾਂ ਨਾਲ ਵਿਅਸਤ ਰਹਿਣ ਲਈ ਇੱਕ ਕਿਰਿਆਸ਼ੀਲ ਮਹੌਲ ਵਜੋਂ ਵੀ।

**107.** ਕਿਹੜੀ ਪਹੁੰਚ/ਵਿਧੀ ਸਿਖਿਆਰਥੀਆਂ ਨੂੰ ਇਕ ਭਾਸ਼ਾ ਦੀ ਜਮਾਤ ਵਿੱਚ ਉਨ੍ਹਾਂ ਦੀ ਦੇਸੀ ਭਾਸ਼ਾ ਦੀ ਵਰਤੋਂ ਲਈ ਉਤਸਾਹਿਤ ਨਹੀਂ ਕਰਦੀ ਹੈ?

(1) ਪ੍ਰਤੱਖ ਵਿਧੀ
(2) ਆਡੀਓਲਿੰਗੁਅਲ ਵਿਧੀ
(3) ਪ੍ਰਕਿਰਤਕ ਪਹੁੰਚ
(4) ਸੰਚਾਰਾਤਮਕ ਪਹੁੰਚ

**108.** ਹੇਠ ਲਿਖਿਆਂ ਵਿੱਚੋਂ ਕਿਹੜਾ ਸਾਖ਼ਰਤਾ ਗ੍ਰਹਿਣ ਕਰਨ ਲਈ ਮੋਹਰੀ ਹੋਣਾ ਚਾਹੀਦਾ ਹੈ?

(1) ਡੀਕੋਡਿੰਗ ਅਤੇ ਭਾਸ਼ਾ ਦੀ ਸਮਝ।
(2) ਸ਼ੁੱਧਤਾ ਅਤੇ ਧੁਨੀ ਵਿਗਿਆਨ ਦੀ ਸਮਝ।
(3) ਧੁਨੀ ਵਿਗਿਆਨ ਸੰਬੰਧਤੀ ਜਾਗਰੂਕਤਾ ਤੇ ਰਵਾਨੀ।
(4) ਸ਼ਬਦਾਵਲੀ ਦੇਖਣੀ ਅਤੇ ਪੈਟਰਨ ਦੀ ਪਛਾਣ ਕਰਨੀ।

**109.** ਇੱਕ ਸੰਮਿਲਤ, ਸਵਾਗਤਯੋਗ ਅਤੇ ਖ਼ੁਸ਼ਨੁਮਾ ਮਹੌਲ ਪੈਦਾ ਕਰਨ ਲਈ, ਜੋ ਰਾਸ਼ਟਰੀ ਪਾਠਕ੍ਰਮ ਦੇ ਢਾਚੇ (NCF) ਵਿੱਚ ਰੇਖਾਕਿਤ ਯੋਗਤਾਵਾਂ ਨੂੰ ਹਾਸਲ ਕਰਨ ਵਿੱਚ ਹਰੇਕ ਬੱਚੇ ਦੀ ਭਾਈਵਾਲੀ ਵਿੱਚ ਮਦਦਗਾਰ ਹੈ _____ ਬਿਹਤਰ ਢੰਗ ਨਾਲ ਕੀਤਾ ਜਾ ਸਕਦਾ ਹੈ।

(1) ਵਿਕਾਸ ਦੇ ਵੱਖੋ-ਵੱਖਰੇ ਖੇਤਰਾਂ ਤੋਂ ਬੱਚਿਆ ਦੇ ਕੰਮ ਨੂੰ ਵਿਖਾਉਣ ਨਾਲ।
(2) ਰੰਗ-ਬਰੰਗੇ ਮਹੌਲ ਲਈ ਜਮਾਤ ਨੂੰ ਸਜਾਉਣ ਨਾਲ।
(3) ਅੰਦਰੂਨੀ ਗਤੀਵਿਧੀਆਂ ਕਰਾਉਂਦਿਆਂ ਉਨ੍ਹਾਂ ਨੂੰ ਸ਼ਖ਼ਤ ਗਰਮੀ ਵਿੱਚ ਬਾਹਰੀ ਗਤੀਵਿਧੀਆਂ ਤੋਂ ਬਣਾਉਣ ਨਾਲ।
(4) ਮੁੱਖ ਤੌਰ ਉੱਤੇ ਸਿਖਿਆਰਥੀਆਂ ਦੀ ਚੰਗੀ ਸਿਹਤ ਅਤੇ ਭਲਾਈ ਉੱਤੇ ਜ਼ੋਰ ਦੇਣ ਨਾਲ।

**110.** ਕਿਹੜੀ ਪਹੁੰਚ/ਵਿਧੀ ਅਸਲੀ ਜੀਵਨ ਦੇ ਸੰਦਰਭ ਵਿੱਚ ਭਾਸ਼ਾ ਦੀ ਵਰਤੋਂ ਦੇ ਸਿਖਿਆਰਥੀਆਂ ਦੇ ਮੁੱਖ ਗੋਲ ਵੱਲ ਜਾਂਦੀ ਹੈ?

(1) ਪ੍ਰਤੱਖ ਵਿਧੀ
(2) ਆਡੀਓਲਿੰਗੁਅਲ ਵਿਧੀ
(3) ਪ੍ਰਕਿਰਤਕ ਪਹੁੰਚ
(4) ਸੰਚਾਰਾਤਮਕ ਪਹੁੰਚ

**111.** ਪੰਜਵੀਂ ਜਮਾਤ ਦੇ ਇੱਕ ਵਿਦਿਆਰਥੀ ਦਾ ਕਹਿਣਾ ਹੈ "ਮੈ ਅਧਿਆਪਕ ਕੋਲ ਜਮ੍ਹਾ ਕਰਾਉਣਾ ਤੋਂ ਪਹਿਲਾ ਆਪਣੇ ਕੰਮ ਦੀ ਸ਼ੁਧਤਾ ਨੂੰ ਆਖ਼ਿਰੀ ਵਾਰੀ ਚੈਕ ਕਰਦਾ ਹੈ।" ਵਿਦਿਆਰਥੀ ਲਿਖਾਈ ਦੀ ਕਿਹੜੀ ਪੱਧਰ ਉੱਤੇ ਕੰਮ ਕਰ ਰਿਹਾ ਹੈ ?

(1) ਪ੍ਰੂਫ਼-ਰੀਡਿੰਗ (2) ਪੀਅਰ ਮੁਲਾਂਕਨ (3) ਡਰਾਫ਼ਟਿੰਗ (4) ਪ੍ਰੀ-ਡਰਾਫ਼ਟਿੰਗ

**112.** ਤੀਜੀ ਜਮਾਤ ਦਾ ਇੱਕ ਅਧਿਆਪਕ ਆਪਣੀ ਜਮਾਤ ਵਿੱਚ ਇੱਕ ਰੀਡਿੰਗ, ਕਾੱਰਨਰ ਸਥਾਪਤ ਕਰਦਾ ਹੈ। ਬੱਚਿਆ ਲਈ ਇੱਕ ਪੁਸਤਕ ਦੀ ਚੋਣ ਲਈ ਨਿਰਣਾ ਬਣਾਉਣ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੇ ਪ੍ਰਸ਼ਨ ਉੱਤੇ ਸਭ ਤੋਂ ਪਹਿਲਾਂ ਪ੍ਰਮੁਖਤਾ ਨਾਲ ਵਿਚਾਰ ਕੀਤੀ ਜਾਵੇਗੀ ।

(1) ਕੀ ਪੁਸਤਕਾਂ ਤੀਜੀ ਜਮਾਤ ਦੀ ਪੜ੍ਹਤ ਦੇ ਪਾਠ ਕ੍ਰਮ ਦੇ ਟੀਚੇ ਦਾ ਹੱਲ ਕਰਨ ਵਿੱਚ ਸਹਾਇਕ ਹਨ।
(2) ਕੀ ਇਹ ਪੁਸਤਕਾਂ ਇੱਕ ਤੋਂ ਵੱਧ ਨਿਰਦੇਸ਼ ਮੁੱਖ ਸੰਦਰਭ ਦੀ ਵਰਤੋਂ ਲਈ ਉਚਿਤ ਹਨ।
(3) ਕੀ ਇਨ੍ਹਾਂ ਪੁਸਤਕਾਂ ਦੇ ਲੇਖਕ ਮੰਨੇ-ਪ੍ਰਮੰਨੇ ਹਨ, ਅਤੇ ਬਾਲ ਸਾਹਿਤ ਦੇ ਸਨਮਾਤਿਨ ਲੇਖਕ ਹਨ।
(4) ਕੀ ਜਮਾਤ ਵਿੱਚ ਬਹੁਤੇ ਵਿਦਿਆਰਥੀਆਂ ਦੀ ਅਜ਼ਾਦ ਪੜ੍ਹਤ ਦੇ ਪੱਧਰ ਉੱਤੇ ਕਿਤਾਬਾਂ ਲਿਖੀਆਂ ਜਾਂਦੀਆ ਹਨ।

Prepp
Your Personal Exams Guide

**113.** ਇੱਕ ਅਧਿਆਪਕ ਆਪਣੇ ਦੂਜੀ ਜਮਾਤ ਦੇ ਵਿਦਿਆਰਥੀਆਂ ਲਈ ਅਧਿਐਨ-ਅਧਿਆਪਨ ਸਾਮੱਗਰੀ (TLM) ਦੀ ਇੱਕ ਕਿਸਮ ਨੂੰ ਇਕੱਤਰ ਕਰਨ ਦੀ ਯੋਜਨਾ ਬਣਾ ਰਿਹਾ ਹੈ । ਹੇਠ ਲਿਖਿਆਂ ਵਿੱਚੋਂ ਕਿਹੜਾ ਮਾਪ-ਦੰਡ TLM ਦੀ ਚੋਣ ਕਰਨ ਲਈ ਸਹੀ ਨਹੀਂ ਹੈ?

(1) ਚੁਣੀ ਹੋਈ ਸਾਮੱਗਰੀ ਪ੍ਰਮੁੱਖ ਤੌਰ ਉੱਤੇ ਸਥਾਨਕ ਪੱਧਰ ਉਤੇ ਬਣੀ ਅਤੇ ਸਥਾਨਕ ਪੱਧਰ ਉੱਤੇ ਉਪਲਬਧ ਹੋਣੀ ਚਾਹੀਦੀ ਹੈ। ਇਸ ਨਾਲ ਆਸਾਨ ਸਥਾਨਾਂਤਰਨ ਉੱਤੇ ਵਿਚਾਰ ਹੋ ਸਕੇਗੀ ।

(2) ਚੁਣੀ ਹੋਈ ਸਾਮੱਗਰੀ ਸਿਰਫ਼ ਬੱਚਿਆਂ ਵੱਲੋਂ ਬਣਾਈ ਹੋਣੀ ਚਾਹੀਦੀ ਹੈ । ਇਹ ਕੁੱਝ ਖੁਰਵੀ ਹੋਵੇ ਤਾਂ ਜੋਂ ਤਿਲਕਣ ਤੋਂ ਬਚਿਆ ਜਾ ਸਕੇ।

(3) ਇਸ ਉਮਰ-ਵਰਗ ਦੇ ਬੱਚਿਆਂ ਲਈ ਸਾਮੱਗਰੀ ਦੀ ਚੋਣ ਆਕਰਸ਼ਕ ਅਤੇ ਸੁਰੱਖਿਅਤ ਹੋਣੀ ਚਾਹੀਦੀ ਹੈ।

(4) ਬੱਚਿਆ ਨੂੰ ਜਾਂਚ-ਪੜਤਾਲ ਕਰਨ ਅਤੇ ਉਤਸੁਕਤਾ ਨਾਲ ਤਜ਼ਰਬਾ ਕਰਨ ਦੇ ਢੁੱਕਵੇਂ ਮੌਕੇ ਮਿਲਣੇ ਚਾਹੀਦੇ ਹਨ।

**114.** ਇੱਕ ਅਧਿਆਪਕ ਤੀਜੀ ਜਮਾਤ ਵਿੱਚ ਆਪਣੇ ਸਿਖਿਆਰਥੀਆਂ ਨੂੰ ਕਹਿੰਦਾ ਹੈ ਕਿ ਉਹ ਆਪਣੀ 'ਸਕਦਾ ਹਾਂ' ਦੀਆਂ ਯੋਗਤਾਵਾ ਜਿਵੇਂ ਕਿ ਕੀ ਤੁਸੀ ਤੈਰ ਸਕਦੇ ਹੋ ਬਾਰੇ ਪੰਜ ਪ੍ਰਸ਼ਨ ਪੁੱਛਣ । ਗਤੀਵਿਧੀ ਦੀ ਇਹ ਕਿਸਮ ________ ਲਈ ਹੈ।

(1) ਫ੍ਰੀ ਸਪੀਕਿੰਗ (2) ਆਕਰਮਕ ਸ਼੍ਰਵਨ
(3) ਮੌਖਿਕ ਰਵਾਨੀ ਦਾ ਅਭਿਆਸ (4) ਨਿਯੰਤ੍ਰਿਤ ਮੌਖਿਕ ਅਭਿਆਸ

**115.** ਸਾਖ਼ਰਤਾ ਅਧਿਆਪਨ ਦੀ ਪਹੁੰਚ ਜੋ ਅੱਖਰਾਂ ਅਤੇ ਧੁਨੀਆਂ ਦੇ ਸੰਬੰਧਾਂ ਉਤੇ ਬਲ ਦਿੰਦੀ ਹੈ, ਉਹ ਹੈ :

(1) ਸਥਿਤੀਮੂਲਕ ਪਹੁੰਚ (2) ਧੁਨੀ ਸ਼ਾਸਤਰ ਨਿਰਦੇਸ਼ (3) ਸਮੁੱਚੀ ਭਾਸ਼ਾ ਪਹੁੰਚ (4) ਵਿਆਕਰਨ ਅਨੁਵਾਦ

**116.** ਹੇਠ ਲਿਖਿਆਂ ਵਿੱਚੋਂ ਕਿਹੜਾ ਅਸਰਦਾਰ ਢੰਗ ਨਾਲ ਵਿਆਕਰਨ ਪੜ੍ਹਾਉਣ ਬਾਰੇ ਠੀਕ ਨਹੀਂ ਹੈ?

(1) ਸੰਚਾਰ ਵਿੱਚ ਅਭਿਆਸ ਮੁਹੱਈਆ ਕਰਨਾ
(2) ਨੇਮਾਂ ਨੂੰ ਯਾਦ ਕਰਦਿਆਂ ਵਿਆਕਰਨ ਸਿੱਖਣੀ
(3) ਅਸਲੀ ਸੰਚਾਰ ਪੇਸ਼ ਕਰਨਾ
(4) ਵਿਆਕਰਨ ਦੇ ਸੰਬੰਧਤ ਨੇਮਾਂ ਨੂੰ ਛਾਂਟਣਾ

**117.** ਹੇਠ ਲਿਖਿਆਂ ਵਿੱਚੋਂ ਕਿਹੜਾ ਬੁਨਿਆਦੀ ਪੱਧਰ ਉੱਤੇ ਪਾਠ-ਪੁਸਤਕ ਬਣਾਉਣ ਦਾ ਸਿਧਾਂਤ ਨਹੀਂ ਹੈ?

(1) ਨਿੱਗਰ ਸਿਧਾਂਤ (2) ਤਕਨਾਲੋਜੀ ਸਿਧਾਂਤ (3) ਪਾਠਕ੍ਰਮ ਦਾ ਸਿਧਾਂਤ (4) ਪੇਸ਼ਕਾਰੀ ਦਾ ਸਿਧਾਂਤ

**118.** ਬੁਨਿਆਦੀ ਪੱਧਰ ਉਤੇ ਬੱਚੇ ਸਿਖਲਾਈ ਵਿੱਚ ਵਧੇਰੇ ਵਿਅਸਤ ਰਹਿੰਦੇ ਹਨ, ਜਦੋ :

(1) ਆਪਣੀਆਂ ਕਾਪੀਆਂ ਵਿੱਚੋਂ ਬਾਰ-ਬਾਰ ਅੱਖਰਾ ਨੂੰ ਖੋਜਦੇ ਅਤੇ ਲਿਖਦੇ ਹਨ ।
(2) ਬਲ ਸਿਰਫ਼ ਬਿਹਤਰੀਨ ਮੋਟਰ ਕੌਸ਼ਲਾਂ ਨੂੰ ਵਿਕਸਿਤ ਕਰਨ ਉਤੇ ਹੁੰਦਾ ਹੈ।
(3) ਉਹ ਅਧਿਆਪਕ ਦੇ ਪਿੱਛੇ ਕਵਿਤਾਵਾਂ ਗਾਉਂਦੇ ਹਨ।
(4) ਉਹ ਬਹੁਮੁਖੀ ਸੰਵੇਦਨਾਵਾਂ ਦੀ ਵਰਤੋਂ ਕਰਦਿਆਂ ਸਰਗਰਮੀ ਨਾਲ ਆਪਣੇ ਹੱਥਾਂ ਦੀ ਵਰਤੋਂ ਕਰਦੇ ਹਨ ।

**119.** ਹੇਠ ਲਿਖਿਆਂ ਵਿੱਚੋਂ ਕਿਹੜਾ ਹੇਠ ਦਿੱਤੇ ਵਾਕ ਦੇ ਸੰਦਰਭ ਵਿੱਚ ਠੀਕ ਨਹੀਂ ਹੈ ?

ਕਵਿਤਾਵਾਂ, ਗੀਤ ਅਤੇ ਭਜਨ ਬੱਚਿਆ ਲਈ _____ ਰਸਤਾ ਹਨ।

(1) ਉਚਾਰਨ ਦੇ ਅਭਿਆਸ ਦਾ।
(2) ਅਭਿਵਿਅਕਤੀ ਵਧਾਉਣ ਅਤੇ ਵਾਕਾਂ ਦੀ ਲੈਅ ਵਧਾਉਣ ਦਾ।
(3) ਸ਼ਬਦਾਵਲੀ ਵਧਾਉਣ ਦਾ।
(4) ਸ਼ਬਦ ਨੂੰ ਯਾਦ ਕਰਨ ਅਤੇ ਵਾਦ ਬਣਤਰ ਦਾ।

**120.** ਇੱਕ ਅਧਿਆਪਕ ਸਿਖਿਆਰਥੀਆਂ ਨੂੰ ਆਪਣੀ ਵਰਕਬੁੱਕ ਇੱਕ-ਦੂਜੇ ਨਾਲ ਬਦਲਣ ਲਈ ਕਹਿ ਕੇ ਆਪਣੇ ਸਾਥੀਆਂ ਦੇ ਕੰਮ ਨੂੰ ਚੈੱਕ ਕਰਨ ਲਈ ਆਖਦਾ ਹੈ । ਇਸ ਟਾਸਕ ਦਾ ਉਦੇਸ਼ ਹੈ :

(1) ਸੰਰਚਨਾਵਾਂ ਦਾ ਨਿਯੰਤ੍ਰਿਤ ਅਭਿਆਸ ਕਰਾਉਣਾ।
(2) ਜੋੜੇ ਦੀ ਦਰਸੁਤੀ ਦਾ ਕੌਸ਼ਲ ਵਿਕਸਿਤ ਕਰਨਾ।
(3) ਵਿਸਤ੍ਰਿਤ ਪੜ੍ਹਤ ਦਾ ਅਭਿਆਸ ਕਰਾਉਣਾ।
(4) ਨਵੀ ਸ਼ਬਦਾਵਲੀ ਦੀ ਵਰਤੋਂ ਵਿੱਚ ਅਭਿਆਸ ਕਰਾਉਣਾ।

Prepp
Your Personal Exams Guide

ਉਮੀਦਵਾਰ **ਭਾਗ–V** (ਪ੍ਰ.ਨੰ. **121-150**) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

Prepp
Your Personal Exams Guide

## PART–V

## LANGUAGE–II

## PUNJABI

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹਕੇ ਉਸ ਹੇਠਾ ਦਿਤੇ ਪ੍ਰਸ਼ਨਾਂ (121-128) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਤੀਆਂ ਨਿਰੋਲ ਮਨੋਰੰਜਨ ਦਾ ਤਿਉਹਾਰ ਹੈ। ਇਹ ਇੱਕੋ ਇਕ ਅਜਿਹਾ ਤਿਉਹਾਰ ਹੈ ਜਿਸ ਵਿੱਚ ਕਿਸੇ ਵੀ ਦੇਵੀ, ਦੇਵਤੇ, ਇਸ਼ਟ ਜਾਂ ਪੈਗੰਬਰ ਦੀ ਪੁਜਾ ਪ੍ਰਤਿਸ਼ਠਾ ਨਹੀਂ ਹੁੰਦੀ, ਸਗੋਂ ਤੀਆਂ ਨਿਰੋਲ ਲੌਕਿਕ ਰੰਗਤ ਵਾਲਾ ਤਿਉਹਾਰ ਹੈ । ਇਹ ਤਿਉਹਾਰ ਸਾਵਣ ਦੀ ਚਾਨਣੀ ਤੀਜ ਤੋਂ ਸ਼ੁਰੂ ਹੋ ਕੇ ਪੁੰਨਿਆ ਤੱਕ ਚੱਲਦਾ ਹੈ । ਸਾਵਣ ਦਾ ਮਹੀਨਾ ਬਰਸਾਤ ਦਾ ਮੌਸਮ ਹੈ। ਕਿਣਮਿਣ ਕਾਣੀ ਕਨਾਲ ਚਾਰੇ ਪਾਸੇ ਹਰਿਆਵਲ ਛਾਈ ਹੁੰਦੀ ਹੈ । ਕੁੜੀਆਂ ਚਿੜੀਆ ਨੱਚ ਨੱਚ ਧਰਤ ਹਲਾਉਂਦੀਆਂ ਹਨ। ਪੀਂਘਾਂ ਝੂਟਦੀਆ ਹਨ। ਗਿੱਧਾ ਪੈਂਦਾ ਹੈ। ਗੀਤ ਗਾਏ ਜਾਂਦੇ ਹਨ। ਚਾਰੇ ਪਾਸੇ ਰੌਣਕਾਂ ਹੁੰਦੀਆ ਹਨ। ਗਲੀਆਂ ਵਿੱਚ ਵਣਜਾਰੇ ਚੂੜੀਆਂ ਵੇਚਦੇ ਹਨ। ਮਹਿੰਦੀ ਲਗਾਈ ਜਾਂਦੀ ਹੈ। ਲਾਲ ਲੋਗੜੀ ਦੀਆਂ ਫੁਲ ਚਿੜਿਆ ਬਣਾ ਕੇ ਸਜਾਵਟਾਂ ਕੀਤੀਆਂ ਜਾਂਦੀਆ ਹਨ।

ਪੰਜਾਬ ਦਾ ਅਰਥਚਾਰਾ ਖੇਤੀਬਾੜੀ ਨਾਲ ਸੰਬੰਧ ਰੱਖਦਾ ਹੈ । ਜਦੋਂ ਸਿੰਜਾਈ ਦੇ ਸਾਧਨ ਨਹੀਂ ਸਨ ਤਾਂ ਖੇਤੀ ਦਾ ਧੰਦਾ ਬਰਸਾਤ ਉੱਤੇ ਨਿਰਭਰ ਕਰਦਾ ਸੀ। ਸਾਉਣ ਘਟਾਂ ਨੂੰ ਚੜੀਆਂ ਦੇਖ ਕੇ: ਰੂਹ ਤੱਕ ਭਿੱਜ ਜਾਂਦੀ ਸੀ । ਬੱਚੇ, ਬੁੱਢੇ, ਇਸਤਰੀ,ਪੁਰਸ਼ ਸਾਰੇ ਦੇ ਸਾਰੇ ਆਪਮੁਹਾਰੇ ਝੂਮ ਉੱਠਦੇ ਸਨ। ਕੁੜੀਆਂ ਵਿਸ਼ੇਸ ਕਰ ਸੱਜ-ਵਿਆਈਆਂ ਲਈ ਇਹ ਵਿਸ਼ੇਸ਼ ਮਹੱਤਵ ਰੱਖਦਾ ਤਿਉਹਾਰ ਹੈ । ਸਾਵਣ ਦੇ ਮਹੀਨੇ ਲਈ ਲੋਕ ਵਿਸ਼ਵਾਸ ਹੈ ਕਿ ਨੂੰਹ-ਸੱਸ ਦੇ ਮੱਥੇ ਨਹੀਂ ਲੱਗਣੀ ਚਾਹੀਦੀ। ਜੇ ਨੂੰਹ ਸੱਸ ਦੇ ਸਾਹਮਣੇ ਆਵੇਗੀ ਤਾਂ ਸੱਸ ਲਈ ਕੋਈ ਬੁਰੀ ਘਟਨਾ ਵਾਪਰ ਸਕਦੀ ਹੈ। ਇਸ ਲਈ ਸੱਸ ਖ਼ੁਦ ਨੂੰਹ ਨੂੰ ਪੇਕੇ ਘਰ ਜਾਣ ਲਈ ਪਰੇਰਦੀ ਹੈ।

**121.** 'ਤੀਆਂ' ਦਾ ਤਿਉਹਾਰ ਕਦੋਂ ਮਨਾਇਆ ਜਾਂਦਾ ਹੈ?

(1) ਸਾਵਨ ਵਿੱਚ (2) ਮਾਘ ਵਿੱਚ (3) ਪੋਹ ਵਿੱਚ (4) ਅੱਸੂ ਵਿੱਚ

**122.** 'ਤੀਆਂ' ਵਿੱਚ ਕੀ ਹੁੰਦਾ ਹੈ?

(1) ਵਾਲੀਬਾਲ ਦੀ ਖੇਡ। (2) ਕੁੜੀਆਂ ਸਹੁਰੇ ਚਲੀਆਂ ਜਾਂਦੀਆਂ ਹਨ।
(3) ਗਿੱਧਾ ਪਾਇਆ ਜਾਂਦਾ ਹੈ। (4) ਕ੍ਰਿਕਟ ਦਾ ਮੈਚ।

**123.** ਕਿੰਨ੍ਹਾਂ ਲਈ 'ਤੀਆਂ' ਦਾ ਤਿਉਹਾਰ ਮਹੱਤਵਪੂਰਨ ਹੈ?

(1) ਸਿਰਫ਼ ਬਜ਼ੁਰਗਾਂ ਲਈ (2) ਸਿਰਫ਼ ਬਜ਼ੁਰਗ ਔਰਤਾ ਲਈ
(3) ਨਵੇਂ ਵਿਆਹੇ ਮੁੰਡਿਆ ਲਈ (4) ਨਵੀਆਂ ਵਿਆਹੀਆਂ ਕੁੜੀਆਂ ਲਈ

**124.** 'ਤੀਆਂ' ਵਿੱਚ ਕੀ ਨਹੀਂ ਹੁੰਦਾ?

(1) ਗਿੱਧਾ (2) ਕ੍ਰਿਕਟ (3) ਮਹਿੰਦੀ (4) ਗੀਤ

**125.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :

(1) ਬਰਸਾਤ (2) ਚੂੜੀਆਂ (3) ਦੇਵਤੇ (4) ਤੀਆਂ

**126.** ਹੇਠ ਲਿਖਿਆਂ ਵਿੱਚ ਸਮਾਸੀ ਸ਼ਬਦ ਚੁਣੋ :

(1) ਇੱਕ-ਅਜਿਹਾ (2) ਆਪਮੁਹਾਰੇ-ਝੂਮ (3) ਨੂੰਹ-ਸੱਸ (4) ਮਹੀਨਾ-ਬਰਸਾਤ

**127.** ਸਾਵਨ ਦੇ ਮਹੀਨੇ ਵਿੱਚ ਕਿੰਨਾ ਦੇ ਮਿਲਣ ਦੀ ਵਰਜਣਾ ਹੈ?

(1) ਜੀਜਾ-ਸਾਲੀ (2) ਨੂੰਹ-ਸੱਸ (3) ਜੇਠ-ਜਠਾਣੀ (4) ਦਰਾਣੀ-ਜਠਾਣੀ

**128.** 'ਨੂੰਹ' ਪੇਕੇ ਘਰ ਕਿਸ ਦੇ ਕਹਿਣ ਉੱਤੇ ਆਉਂਦੀ ਹੈ?

(1) ਸੱਜ (2) ਨਨਦ (3) ਜਠਾਣੀ (4) ਦਰਾਣੀ

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹਕੇ ਉਸ ਹੇਠਾਂ ਦਿਤੇ ਪ੍ਰਸ਼ਨਾਂ (129-135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

'ਅੰਨ-ਜਲ' ਜਾਂ 'ਦਾਣਾ-ਪਾਣੀ ਦਾ ਸੰਕਲਪ ਉਸ ਸਮੇਂ ਹੋਰ ਵੀ ਵਿਸ਼ਾਲ ਅਰਥ ਗ੍ਰਹਿਣ ਕਰ ਲੈਂਦਾ ਹੈ ਜਦੋਂ ਇਸਦਾ ਪ੍ਰਯੋਗ ਲੋਕ-ਵਿਸ਼ਵਾਸ਼ਾਂ ਦੇ ਪ੍ਰਸੰਗ ਵਿੱਚ ਕੀਤਾ ਜਾਂਦਾ ਹੈ। ਲੋਕ-ਵਿਸ਼ਵਾਸ਼ ਅਨੁਸਾਰ ਕਿਸੇ ਪ੍ਰਾਣੀ ਦਾ ਜਿੱਥੋਂ-ਜਿੱਥੋਂ ਦਾ, ਜਿਸ ਘੜੀ ਦਾ ਅੰਨ-ਜਲ ਲਿਖਿਆ ਹੈ ਉਹ ਉਸ ਨੇ ਹਰ ਹਾਲਤ ਵਿੱਚ ਗ੍ਰਹਿਣ ਕਰਨਾ ਹੀ ਹੁੰਦਾ ਹੈ। ਇਸ ਤੋਂ ਵੀ ਵਧੇਰੇ ਮਹੱਤਵ ਇਸ ਲੋਕ ਨਿਸ਼ਚੇ ਨੂੰ ਪ੍ਰਾਪਤ ਹੈ ਕਿ ਸੰਸਾਰ ਵਿੱਚ ਆਉਣ ਵਾਲਾ ਹਰ ਪ੍ਰਾਣੀ ਆਪਣੇ ਹਿੱਸੇ ਦਾ ਦਾਣਾ-ਪਾਣੀ ਨਾਲ ਹੀ ਲਿਆਉਂਦਾ ਹੈ। ਅਰਥਾਤ ਇਹ ਪਹਿਲਾ ਹੀ ਤਹਿ ਹੋ ਜਾਂਦਾ ਹੈ ਕਿ ਫ਼ਲਾਣੇ ਵਿਅਕਤੀ ਨੇ ਆਪਣੀ ਜੀਵਨ-ਯਾਤਰਾ ਦੌਰਾਨ ਕਿਤਨਾ ਕੁ ਅੰਨ ਗ੍ਰਹਿਣ ਕਰਨਾ ਹੈ। ਜਦੋਂ ਕਿਸੇ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ ਤਾਂ ਇਹੋ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸੰਸਾਰ ਤੋਂ ਚਲੇ ਜਾਣ ਵਾਲੇ ਵਿਅਕਤੀ ਦਾ 'ਅੰਨ-ਜਲ' ਹੀ ਇਤਨਾ ਸੀ। 'ਦਾਣੇ-ਦਾਣੇ ਉੱਤੇ ਮੋਹਰ' ਦੀ ਲੋਕ ਉਕਤੀ ਵੀ ਇਸੇ ਭਾਵ ਨਾਲ ਜੁੜੀ ਹੋਈ ਹੈ ਕਿ ਦਾਣੇ ਭਾਵੇਂ ਮਲਕੀਅਤ ਕਿਸੇ ਦੀ ਵੀ ਹੋਣ ਪਰ ਉਸ ਨੂੰ ਖਾਣਾ ਕੇਵਲ ਉਸਦੇ ਨਸੀਬ ਵਿੱਚ ਹੁੰਦਾ ਹੈ, ਜਿਸ ਦੇ ਨਾਂ ਤੇ ਉਹ ਧੁਰੋਂ ਅੰਕਿਤ ਹੋਏ ਹੁੰਦੇ ਹਨ। ਇਸ ਲੋਕ-ਧਾਰਨਾ ਅਨੁਸਾਰ ਕੋਈ ਵੀ ਕਿਸੇ ਦਾ ਅੰਨ ਨਹੀਂ ਖਾ ਸਕਦਾ। ਮਹਿਮਾਨ ਜਾਂ ਮੰਗਤੇ ਨੂੰ ਜੋ ਖਾਣ ਲਈ ਦਿੱਤਾ ਜਾਂਦਾ ਹੈ ਉਹ ਤਾਂ ਧੁਰੋਂ ਹੀ ਉਸ ਦਾ ਰਲਿਆ ਲਿਖਿਆਂ ਹੁੰਦਾ ਹੈ। ਮਹਿਮਾਨਾਂ ਵੱਲੋਂ ਜਾਂ ਮਹਿਮਾਨ-ਨਿਵਾਜ਼ਾ ਵੱਲੋਂ ਅਕਸਰ ਹੀ ਇਹ ਕਿਹਾ ਜਾਂਦਾ ਹੈ ਕਿ 'ਕੌਣ ਕਿਸੇ ਦੇ ਆਵੇ ਜਾਵੇ, ਦਾਣਾ ਪਾਣੀ ਖਿੱਚ ਲਿਆਵੇ।' ਇਹ ਫ਼ਲਸ਼ਫ਼ਾ ਪੰਜਾਬੀ ਲੋਕਾਂ ਦੀ ਮਹਿਮਾਨ ਨਿਵਾਜ਼ ਰੁਚੀ ਅਤੇ ਅਪਣੱਤ ਭਰੀ ਭਾਵਨਾ ਵਿੱਚੋਂ ਪੈਦਾ ਹੋਇਆ ਹੈ।

**129.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦੱਸੋ :

(1) ਰਨਹਿਣ (2) ਅੰਨ-ਜਲ (3) ਮਲਕੀਅਤ (4) ਅਕਸਰ

**130.** ਮੋਹਰ ਕਿਸ ਉੱਤੇ ਲੱਗੀ ਹੁੰਦੀ ਹੈ?

(1) ਮਹਿਮਾਨ ਓੱਤੇ (2) ਦਾਣੇ-ਦਾਣੇ ਉੱਤੇ (3) ਲੋਕ-ਧਾਰਨਾ ਉੱਤੇ (4) ਮੰਗਤੇ ਉੱਤੇ

**131.** ਪੈਰੇ ਅਨੁਸਾਰ ਮਹਿਮਾਨ ਲਈ ਖਾਣਾ ਕਿਥੋਂ ਆਉਂਦਾ ਹੈ ?

(1) ਧੁਰੋਂ (2) ਗੁਆਂਢੀਆ ਤੋਂ (3) ਹੋਟਲ ਤੋਂ (4) ਕੰਟੀਨ ਵਿੱਚੋਂ

**132.** 'ਅਪਣੱਤ' ਤੋਂ ਕੀ ਭਾਵ ਹੈ ?

(1) ਕਿਸੇ ਹੋਰ ਦਾ (2) ਦੂਸਰੇ ਦਾ (3) ਪਰਾਇਆ (4) ਆਪਣਾਪਣ

133. ਵਿਅਕਤੀ ਦਾ ਮੌਤ ਨਾਲ ਕਿਹੜਾ ਵਿਸ਼ਵਾਸ਼ ਜੁੜਿਆ ਹੈ?
(1) ਨਸੀਬ (2) ਨਿਵਾਜ਼ (3) ਅੰਨ-ਜਲ (4) ਮਹਿਮਾਨ

134. ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦਾ ਨਹੀਂ ਹੈ ?
(1) ਜੀਵਨ-ਯਾਤਰਾ (2) ਦਾਣਾ-ਪਾਣੀ (3) ਅੰਨ-ਜਲ (4) ਗ੍ਰਹਿਣ-ਕਰਨਾ

135. 'ਅੰਕਿਤ' ਦਾ ਵਿਰੋਧੀ ਸ਼ਬਦ ਲੱਭੋ :
(1) ਬਾਹਰ ਕੱਢਣਾ (2) ਦਰਜ ਕਰਨਾ (3) ਸ਼ਾਮਲ ਕਰਨਾ (4) ਮਿਲਾਉਣਾ

136. ਕੋਈ ਦੂਜੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਸਕਦਾ ਹੈ :
(1) ਬਤੌਰ ਆਡੀਓ-ਲਿੰਗੁਅਲ ਵਿਧੀ ਵਾਰਤਾਲਾਪਾਂ ਦੇ ਦੁਹਰਾਉ ਅਤੇ ਅਭਿਆਸ ਨਾਲ।
(2) ਲਕਸ਼ਿਤ ਭਾਸ਼ਾ ਵਿੱਚ ਬੋਲਣ ਦੇ ਇੱਕ ਕੋਰਸ ਵਿੱਚ ਸ਼ਾਮਲ ਹੋ ਕੇ।
(3) ਜਮਾਤ ਦੇ ਕਮਰੇ ਵਿੱਚ ਜਿੱਥੇ ਤੁਸੀ ਵਿਆਕਰਨ ਉੱਤੇ ਬਲ ਦੇ ਸਕਦੇ ਹੋ ਅਤੇ ਅਧਿਆਪਕ ਤੋਂ ਸਹਾਇਤਾ ਲੈਂਦੇ ਹੋ।
(4) ਆਪਣੀ ਸੁਸਾਇਟੀ ਵਿੱਚ ਦੇਸੀ ਬੁਲਾਰਿਆ ਦੇ ਲਗਾਤਰ ਸੰਪਰਕ ਵਿੱਚ ਰਹਿਣ ਨਾਲ।

137. ਜੇਕਰ ਬੱਚੇ ਆਪਣੇ ਆਲੇ-ਦੁਆਲੇ ਦੋ ਭਾਸ਼ਾਵਾਂ ਨੂੰ ਸੁਣਦੇ ਹਨ, ਤਾਂ ਦੋ ਭਾਸ਼ਾਵਾਂ ਵੱਲ ਇਹ ਪਹੁੰਚ ਹੋਵੇਗੀ :
(1) ਕੋਈ ਅੰਤਰ ਨਹੀਂ ਪੈਦਾ। (2) ਉਨ੍ਹਾਂ ਦੀ ਸਮਝ ਨੂੰ ਉਲਝਣਾ।
(3) ਬੱਚਿਆਂ ਨੂੰ ਨੁਕਸਾਨ ਵਿੱਚ ਪਾਉਣਾ। (4) ਬੱਚਿਆਂ ਨੂੰ ਫ਼ਾਇਦਾ ਪਹੁੰਚਾਉਣਾ।

138. ਵਿਦਿਆਰਥੀ, ਅਧਿਆਪਕ ਵੱਲੋਂ ਦਿੱਤੇ ਗਏ ਮਾਡਲ ਵਾਕਾਂ ਨੂੰ ਦੁਹਰਾਉਣ ਰਾਹੀਂ ਭਾਸ਼ਾ ਦੇ ਪੈਟਰਨ ਸਿੱਖਦੇ ਹਨ। ਜਦੋਂ ਉਹ ਠੀਕ ਤਰ੍ਹਾਂ ਡਰਿੱਲਾਂ ਦਾ ਪ੍ਰਦਰਸ਼ਨ ਕਰਦੇ ਹਨ, ਤਾਂ ਉਹ ਆਪਣੇ ਅਧਿਆਪਕ ਤੋਂ ਅਖਾਣਾ ਨੂੰ ਯਾਦ ਕਰਦੇ ਅਤੇ ਉਸਾਰੂ ਸਹਾਇਤਾ ਹਾਸਲ ਕਰਦੇ ਹਨ। ਅਧਿਆਪਕ ________ ਦੀ ਵਰਤੋਂ ਕਰ ਰਿਹਾ ਹੈ।
(1) ਮੁਕੰਮਲ ਸਰੀਰਕ ਪ੍ਰਤੀਕਿਰਿਆ (2) ਸੰਚਨਾਤਮਕ ਪਹੁੰਚ
(3) ਆਡੀਉਲਿੰਗੁਅਲ ਵਿਧੀ (4) ਸੰਚਾਰਾਤਮਕ ਪਹੁੰਚ

139. ਪੜ੍ਹਤ ਵਿੱਚ ਸਿਖਲਾਈ ਦੇ ਨਿਸ਼ਚਿਤ ਮਕਸਦ ਅਤੇ ਟਾਸਕ ਹਨ। ਸਿਖਿਆਰਥੀਆਂ ਨੇ ਟੈਕਸਟ ਨੂੰ ਧਿਆਨ ਨਾਲ ਵੇਰਵੇ ਸਹਿਤ ਪੜ੍ਹਨਾ ਹੁੰਦਾ ਹੈ। ਇਹ ਹੈ :
(1) ਗਾਈਡਡ ਰੀਡਿੰਗ (2) ਆਨੰਦੀ ਪਾਠ
(3) ਵਿਆਪਕ ਪੜ੍ਹਤ (4) ਗਹਿਣ ਪੜ੍ਹਤ

140. ਪਾਠ ਦੇ ਸ਼ੁਰੂ ਵਿੱਚ ਇਕ ਅਧਿਆਪਕ ਜਮਾਤ ਨੂੰ ਸਮੂਹਾਂ ਵਿੱਚ ਵੰਡ ਕੇ ਉਨ੍ਹਾਂ ਨੂੰ ਉਸ ਵਲੋਂ ਹਾਲ ਹੀ ਵਿੱਚ ਪੜ੍ਹੇ ਅਖ਼ਬਾਰ ਦੇ ਇਕ ਦਿਲਚਸਮ ਆਰਟੀਕਲ ਬਾਰੇ ਗੱਲਬਾਤ ਕਰਨ ਲਈ ਕਹਿੰਦਾ ਹੈ। ਇਸ ਪ੍ਰਕਾਰ ਦੀ ਗੱਲਬਾਤ ਦੀ ਗਤੀ ਵਿਧੀ ______ ਲਈ ਹੈ।
(1) ਗਾਈਡਡ ਮੌਖਿਕ ਅਭਿਆਸ (2) ਚੇਤੰਨ ਸ੍ਰਵਨ
(3) ਮੌਖਿਕ ਰਵਾਨੀ ਦੇ ਅਭਿਆਸ (4) ਨਿਯੰਤ੍ਰਿਤ ਮੌਖਿਕ ਅਭਿਆਸ

Prepp
Your Personal Exams Guide

**141.** ਬੱਚਿਆਂ ਦਾ ਬੌਧਿਕ ਵਿਕਾਸ ਅਤੇ ਭਾਸ਼ਾ:

(1) ਵਿਕਾਸ ਦਾ ਕੋਈ ਰਿਸ਼ਤਾ ਨਹੀਂ।

(2) ਬੱਚਿਆਂ ਦੇ ਉਸ ਸੱਭਿਆਚਾਰ ਅਤੇ ਭਾਈਚਾਰੇ ਨਾਲ ਨਜਦੀਕੀ ਤੌਰ ਉੱਤੇ ਸੰਬੰਧਤ ਜਿੱਥੇ ਉਹ ਆਪ ਰਹਿੰਦੇ ਹਨ।

(3) ਉਕਸਾਹਟ ਦੇ ਸਿਧਾਂਤ-ਪ੍ਰਤੀਕਿਰਿਆ ਅਤੇ ਅਨੁਸਰਨ ਦੀ ਪ੍ਰਕਿਰਿਆਂ ਨਾਲ ਸੰਬੰਧਤ ਹੈ।

(4) ਇਸ਼ਾਂਤ ਨਾਂ ਦਾ ਇੱਕ ਵਿਅਕਤੀ ਭਾਸ਼ਾ ਦੀ ਮਲਕੀਅਤ ਦੇ ਇੱਕ ਜੰਤਰ ਨਾਲ ਪੈਦਾ ਹੋਇਆ ਹੈ।

**142.** ਪ੍ਰਾਇਮਰੀ ਪੱਧਰ ਉੱਤੇ ਪੜ੍ਹਨ-ਕੌਸ਼ਲ ਦੇ ਮੁਲਾਕਨ ਲਈ ਭਾਸ਼ਾ ਦੇ ਇਕ ਅਧਿਆਪਕ ਨੂੰ ਸਭ ਤੋਂ ਵੱਧ ਜ਼ੋਰ ਉਤੇ ਦੇਣਾ ਚਾਹੀਦਾ ਹੈ।

(1) ਇੱਕ ਯੋਗ ਗਤੀ ਨਾਲ ਪੜ੍ਹਤ  (2) ਸਮਝ ਨਾਲ ਪੜ੍ਹਤ

(3) ਵਰਨਮਾਲਾ ਦੇ ਅਖਰਾਂ ਦੀ ਪਛਾਣ  (4) ਵਿਸਰਾਮ ਚਿੰਨ ਦੀ ਵਰਤੋਂ

**143.** ਸ਼ਾਮੱਗਰ ਭਾਸ਼ਾ ਦੀ ਪਹੁੰਚ ਹੈ:

(1) ਰਲੀਆਂ-ਮਿਲੀਆਂ ਆਵਾਜ਼ਾ  (2) ਆਵਾਜ-ਪ੍ਰਤੀਕ ਸਬੰਧ ਦਾ ਅਨੁਮਾਨ

(3) ਅਰਥ ਅਧਾਰਿਤ  (4) ਕੌਸ਼ਲ ਅਧਾਰਿਤ

**144.** ਇਕ ਅਧਿਆਪਕ ਪੰਜਵੀ ਜਮਾਤ ਦੇ ਵਿਦਿਆਰਥੀਆਂ ਨੂੰ ਛੇਤੀ-ਛੇਤੀ ਇਕ ਕਹਾਣੀ ਨੂੰ ਪੜ੍ਹ ਕੇ ਚਾਰ ਤਸਵੀਰਾਂ ਨੂੰ ਕ੍ਰਮ ਵਿੱਚ ਲਗਾਉਣ ਲਈ ਆਖਦਾ ਹੈ। ਇਸ ਗਤੀਵਿਧੀ ਦਾ ਮਕਸਦ ਹੈ :

(1) ਉਨ੍ਹਾਂ ਨੂੰ ਇਕ ਵਿਸ਼ੇਸ਼ ਸੂਚਨਾ ਲਈ ਪੜ੍ਹਤ ਦਾ ਅਭਿਆਸ ਕਰਾਉਣਾ।

(2) ਕਹਾਣੀ ਦੀ ਨਵੀਂ ਤੇ ਮੁਸ਼ਕਿਲ ਸ਼ਬਦਾਵਲੀ ਨੂੰ ਦੁਬਾਰਾ ਵਿਚਾਰਨਾ।

(3) ਤਸਵੀਰ ਦੇ ਕਾਰਡਾਂ ਨੂੰ ਤਰਤੀਬ ਦੇਣੀ।

(4) ਉਨਾਂ ਨੂੰ ਨਿਚੋੜ ਲਈ ਪੜ੍ਹਤ ਦਾ ਅਭਿਆਸ ਕਰਾਉਣਾ।

**145.** ਭਾਸ਼ਾ ਦੀ ਸਿਖਲਾਈ ਇੱਕ ਗਹਿਣ ਪ੍ਰਕਿਰਿਆ ਹੈ, ਜੋਂ ਜਨਮ ਤੋਂ ਸ਼ੁਰੂ ਹੋਕੇ ਪੂਰਾ ਜੀਵਨ ਜਾਰੀ ਰਹਿੰਦੀ ਹੈ, ਕੀ ਤੁਸੀਂ ਉਪਰੋਕਤ ਬਿਆਨ ਨਾਲ ਸਹਿਮਤ ਹੋ ਜਾਂ ਅਸਹਿਮਤ :

(1) ਮੈ ਅੰਸ਼ਕ ਰੂਪ ਵਿੱਚ ਇਸ ਬਿਆਨ ਨਾਲ ਸਹਿਮਤ ਹਾਂ।

(2) ਮੈਂ ਅੰਸਕ ਰੂਪ ਵਿੱਚ ਇਸ ਬਿਆਨ ਨਾਲ ਅਸਹਿਮਤ ਹਾਂ।

(3) ਮੈਂ ਇਸ ਬਿਆਨ ਨਾਲ ਸਹਿਮਤ ਹਾਂ।

(4) ਮੈਂ ਇਸ ਬਿਆਨ ਨਾਲ ਅਸਹਿਮਤ ਹਾਂ।

**146.** ਸ਼ੁਰੂਆਤੀ ਪੱਧਰ ਉੱਤੇ ਮੁਲਾਂਕਨ ਦੇ ਜੰਤਰ ਅਤੇ ਪ੍ਰਕਿਰਿਆਵਾਂ ਇਸ ਤਰੀਕੇ ਨਾਲ ਬਣਾਉਣੀਆਂ ਚਾਹੀਦੀਆਂ ਹਨ ਕਿ।

(1) ਸਿਖਿਆਰਥੀ ਦੀ ਪ੍ਰਗਤੀ ਸਮੁੱਚੀ ਜਮਾਤ ਦੇ ਪ੍ਰਦਰਸ਼ਨ ਅਨੁਸਾਰ ਵਰਣਿਤ ਅਤੇ ਵਿਸ਼ਲੇਸ਼ਿਤ ਕੀਤੀ ਜਾਵੇ।

(2) ਇਕ ਅਧਿਆਪਕ ਸਾਰੇ ਸਿਖਿਆਰਥੀਆਂ ਦੀ ਪ੍ਰਾਪਤੀ ਦੇ ਮੁਲਾਂਕਨ ਦੀ ਉਸੇ ਤਰ੍ਹਾਂ ਦੀ ਇਕਹਿਰੀ ਵਿਧੀ ਦੀ ਵਰਤੋਂ ਕਰ ਸਕੇ।

(3) ਸਪੱਸ਼ਟ ਪਰਖਾਂ ਅਤੇ ਇਮਤਿਹਾਨ ਸਿਖਿਆਰਥੀਆਂ ਲਈ ਉਚਿਤ ਬਣ ਜਾਣ।

(4) ਬੱਚੇ ਦੇ ਸਿਖਲਾਈ ਅਨੁਭਵ ਦਾ ਇਕ ਪ੍ਰਕਿਰਤਕ ਵਾਧਾ ਬਣ ਜਾਵੇ।

Prepp
Your Personal Exams Guide

**147.** ਸਿਖਿਆਰਥੀ ਵਿਆਕਰਨ ਦੇ ਨੇਮ ਅਤੇ ਸ਼ਬਦਾਵਲੀ ਯਾਦ ਕਰ ਰਹੇ ਹਨ। ਅਤੇ ਉਨ੍ਹਾਂ ਦੀ ਮਾਂ-ਬੋਲੀ ਵਿੱਚ ਬਹੁਤ ਸਾਰਾ ਕੰਮ ਹੋ ਰਿਹਾ ਹੈ। ਅਧਿਆਪਕ ਵਲੋਂ ਆਪਣੀ ਜਮਾਤ ਵਿੱਚ ਕਿਹੜੀ ਵਿਧੀ ਵਰਤੀ ਜਾਂ ਰਹੀ ਹੈ?

(1) ਸੰਚਾਰਾਤਮਕ ਅਧਿਆਪਨ
(2) ਵਿਆਕਰਨ ਦਾ ਅਨੁਵਾਦ
(3) ਪ੍ਰਤੱਖ ਵਿਧੀ
(4) ਪ੍ਰਕਿਰਤਕ ਪਹੁੰਚ

**148.** ਪ੍ਰਕਾਸ਼ਿਤ ਕਿਤਾਬਾ, ਆਡੀਓਕਿਤਾਬਾਂ ਅਤੇ ਕਿਤਾਬਾਂ ਨਾਲ, ਜੋ ਯੁਵਾ ਬੱਚਿਆ ਦੀਆਂ ਸਜੀਵ ਯੋਗਤਾਵਾਂ ਨੂੰ ਵਿਅਸਤ ਰੱਖਦੀਆ ਹਨ, ਜਮਾਤ ਦਾ ਹਿਸਾ ਹੋਣੀਆਂ ਚਾਹੀਦੀਆ ਹਨ, ਕਿਉਂਕਿ :

(1) ਇਹ ਕਿਤਾਬਾਂ ਦੀ ਵੱਖ-ਵੱਖ ਸਿਖਿਆਰਥੀਆਂ ਤੱਕ ਵਧੇਰੇ ਪਹੁੰਚ ਬਣਾਉਂਦੀ ਹੈ।
(2) ਇਹ ਕਿਤਾਬਾਂ ਇੱਕ ਅਧਿਆਪਕ ਉੱਤੇ ਵਧੇਰੇ ਬੋਝ ਨਹੀਂ ਪਾਉਣਗੀਆਂ।
(3) ਇਹ ਜਮਾਤ ਵਿੱਚ ਵੰਨ-ਸੁਵੰਨਤਾ ਲਿਆਉਂਦੀ ਹੈ ਅਤੇ ਬੱਚੇ ਵੰਨਸੁਵੰਨਤਾ ਨੂੰ ਪਸੰਦ ਕਰਦੇ ਹਨ।
(4) ਇਹ ਅਧਿਆਪਕਾਂ ਨੂੰ ਮੁਲਾਂਕਨ ਲਈ ਵੱਖ-ਵੱਖ ਕਿਤਾਬਾਂ ਦੀ ਵਰਤੋਂ ਦਾ ਅਖ਼ਤਿਆਰ ਦਿੰਦੀ ਹੈ।

**149.** ਪੜ੍ਹਨਾ ਸਿੱਖਣ ਵਾਸਤੇ ਸਭ ਤੋਂ ਵੱਡੀ ਚੁਣੋਤੀ ਹੈ ਪ੍ਰੇਰਨਾ ਦੀ ਖੋਜ ਅਤੇ ਚੰਗਾ ਬਾਲ ਸਾਹਿਤ। ਇਸ ਚੁਣੌਤੀ ਉੱਤੇ ਕਾਬੂ ਪਾਉਣ ਵਾਸਤੇ :

(1) ਪ੍ਰੇਰਨਾ ਲਈ ਅਸਾਨੀ ਨਾਲ ਮਿਲਣ ਵਾਲਾ ਬਾਲ-ਸਾਹਿਤ ਅਤੇ ਪੜ੍ਹਤ ਵਿੱਚ ਰੁਚੀ ਪੈਦਾ ਕਰਨੀ।
(2) ਸਕੂਲ ਦੇ ਪ੍ਰਸ਼ਾਸਨ ਨੂੰ ਸਿਖਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਕਿਤਾਬਾਂ ਪੜ੍ਹਨ ਵਿੱਚ ਰੁਚੀ ਪੈਦਾ ਕਰਨ ਲਈ ਪੁਸਤਕ ਮੇਲੇ ਉੱਤੇ ਜ਼ਰੂਰ ਲੈ ਕੇ ਜਾਣਾ ਚਾਹੀਦਾ ਹੈ।
(3) ਅਧਿਆਪਕ ਨੂੰ ਉਨ੍ਹਾਂ ਨੂੰ ਕਿਤਾਬ ਨੂੰ ਰੁਜ਼ਾਨਾ ਇੱਕ ਹੋਮ ਵਰਕ ਵਜੋਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
(4) ਮਾਪਿਆਂ ਨੂੰ ਘਰ ਵਿਖੇ ਇੱਕ ਛੋਟੀ ਲਾਇਬਰੇਰੀ ਸਥਾਪਤ ਕਰਨ ਵਾਸਤੇ ਉਤਸਾਹਿਤ ਕਰਨਾ ਚਾਹੀਦਾ ਹੈ।

**150.** ਇੱਕ ਚੰਗੇਰੀ ਬੋਲ ਗਤੀਵਿਧੀ ਉਹ ਹੈ, ਜਿਥੇ :

(1) ਸਿਖਿਆਰਥੀ ਵਧੇਰੇ ਬੋਲਦੇ ਹਨ।
(2) ਵਧੇਰੇ ਬੋਲਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ ਹੁੰਦੀ ਹੈ।
(3) ਅਧਿਆਪਕ ਵਧੇਰੇ ਵਿਆਖਿਆ ਕਰਦੇ ਹਨ।
(4) ਸਿਖਿਆਰਥੀ ਵਧੇਰੇ ਸੁਣਦੇ ਹਨ।

- o 0 o -

Prepp Your Personal Exam Guide

www.prepp.in

SPACE FOR ROUGH WORK

Prepp
Your Personal Exams Guide

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ:

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨਬੰਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ। ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦੇਸ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆਂ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਰੀ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੋ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸ਼ਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦਾ ਅੰਗੂਠਾ ਦਾ ਨਿਸ਼ਾਨ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਅਵਸ਼ਕ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਓੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

Prepp
Your Personal Exams Guide

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***